**ਪੰਜਾਬ ਸਰਕਾਰ**

**(ਜੇਲ੍ਹਾਂ ਵਿਭਾਗ)**

**(ਜੇਲ੍ਹਾਂ ਸ਼ਾਖਾ)**

**ਹੁਕਮ**

ਜੇਲ੍ਹਾਂ ਵਿਭਾਗ ਵਿੱਚ ਸਹਾਇਕ ਸੁਪਰਡੰਟ ਦੇ ਕਾਡਰ ਵਿੱਚ ਕੰਮ ਕਰਦੇ ਹੇਠ ਦਰਸਾਏ ਕਰਮਚਾਰੀਆਂ ਨੂੰ ਡਿਪਟੀ ਸੁਪਰਡੰਟ ਜੇਲ੍ਹ ਗ੍ਰੇਡ-2/ਜਿਲ੍ਹਾ ਪਰਖ ਅਫਸਰ ਕਾਡਰ ਦੀਆਂ ਖਾਲੀ ਪਈਆਂ ਅਸਾਮੀਆਂ ਦੇ ਵਿਰੁੱਧ ਇਸ ਕਾਡਰ ਦੇ ਅਣਸੋਧੇ ਤਨਖਾਹ ਸਕੇਲ 10300-34800+4800 ਗ੍ਰੇਡ ਪੇਅ (6ਵੇਂ ਪੇਅ ਕਮਿਸ਼ਨ ਅਨੁਸਾਰ ਲੈਵਲ-11) ਵਿੱਚ ਬਤੌਰ ਡਿਪਟੀ ਸੁਪਰਡੰਟ ਗ੍ਰੇਡ-2 ਪਦ ਉਨਤ ਕੀਤਾ ਜਾਂਦਾ ਹੈ:-

| ਲੜੀ ਨੰ. | ਸੀਨੀਆਰਤਾ ਨੰ. | ਕਰਮਚਾਰੀਆਂ ਦਾ ਨਾਂ | ਨੁਕਤਾ ਨੰ. | ਵਿਸ਼ੇਸ਼ ਕਥਨ |
|---|---|---|---|---|
| 1. | 01 | ਸ੍ਰੀ ਕਰਮਜੀਤ ਸਿੰਘ ਭੁੱਲਰ (ਜ) | 206 | ਸੀਲਡ ਕਵਰ ਵਿੱਚੋ ਕੱਢਦੇ ਹੋਏ ਸੀਨੀਆਰਤਾ ਕਮ ਮੈਰਿਟ ਦੇ ਅਧਾਰ ਤੇ ਮਿਤੀ 27.05.2020 ਤੋਂ ਨੋਸ਼ਨਲੀ ਤੌਰ ਤੇ। |
| 2. | 27 | ਸ੍ਰੀ ਪ੍ਰਦੁੱਮਣ (ਅ.ਜਾਤੀ) | 207 | ਅਨੁਸੂਚਿਤ ਜਾਤੀ ਦੀ ਰਾਖਵੀ ਅਸਾਮੀ ਦੇ ਵਿਰੁੱਧ। |
| 3. | 19 | ਸ੍ਰੀ ਅਵਤਾਰ ਸਿੰਘ (ਜ) | 208 | ਸੀਨੀਆਰਤਾ ਕਮ ਮੈਰਿਟ ਦੇ ਅਧਾਰ ਤੇ। |
| 4. | 20 | ਸ੍ਰੀ ਨਰੇਸ਼ ਪਾਲ (ਜ) | 209 | ਸੀਨੀਆਰਤਾ ਕਮ ਮੈਰਿਟ ਦੇ ਅਧਾਰ ਤੇ। |
| 5. | 21 | ਸ੍ਰੀ ਸਰਬਜੀਤ ਸਿੰਘ ਪੁੱਤਰ ਸ੍ਰੀ ਦਰਸ਼ਨ ਸਿੰਘ (ਜ) | 210 | ਸੀਨੀਆਰਤਾ ਕਮ ਮੈਰਿਟ ਦੇ ਅਧਾਰ ਤੇ। |

17.9.26

2. ਦਫਤਰ ਏ.ਡੀ.ਜੀ.ਪੀ. ਜੇਲ੍ਹਾਂ ਵੱਲੋਂ ਆਪਣੇ ਪੱਤਰ ਨੰਬਰ. ਜੀ.ਆਈ./ਅਮਲਾ-1/ਅ-1/ 28-68 ਮਿਤੀ 02.01.2024 ਰਾਹੀਂ ਜਾਰੀ ਕੀਤੀ ਸੀਨੀਆਰਤਾ ਸੂਚੀ ਅਨੁਸਾਰ ਸੀਨੀਆਰਤਾ ਨੰਬਰ. 4 ਤੇ ਸ਼ਾਮਲ ਕਰਮਚਾਰੀ ਸੇਵਾ ਨਿਵਰਿਤ ਹੋ ਚੁੱਕਿਆ ਹੈ, ਸੀਨੀਆਰਤਾ ਨੰਬਰ. 3, 5 ਅਤੇ 8 ਤੋਂ 18 ਤੱਕ ਦੇ ਕਰਮਚਾਰੀ ਪਹਿਲਾਂ ਹੀ ਪਦ ਉੱਨਤ ਕੀਤੇ ਜਾ ਚੁੱਕੇ ਹਨ।

3. ਹੇਠ ਦਰਸਾਏ ਕਰਮਚਾਰੀਆਂ ਨੂੰ ਸਜਾ ਦਾ ਪ੍ਰਭਾਵ ਹੋਣ ਕਾਰਣ/ਲੋੜੀਂਦੇ ਬੈਂਚਮਾਰਕ ਪੂਰੇ ਨਾ ਹੋਣ ਕਾਰਣ ਪਦ ਉਨਤੀਆਂ ਲਈ ਇਗਨੋਰ ਕੀਤਾ ਜਾਂਦਾ ਹੈ:-

| ਲੜੀ ਨੰ. | ਕਰਮਚਾਰੀਆਂ ਦਾ ਨਾਂ | ਸੀਨੀਆਰਤਾ ਨੰ. |
|---|---|---|
| 1. | ਸ੍ਰੀ ਜਸਨਦੀਪ ਸਿੰਘ (ਅ.ਜਾਤੀ) | 02 |
| 2. | ਸ੍ਰੀ ਸੁਖਜਿੰਦਰ ਸਿੰਘ ਪੁੱਤਰ ਸ੍ਰੀ ਅਮਰੀਕ ਸਿੰਘ (ਜ) | 06 |
| 3. | ਸ੍ਰੀ ਵਿਕਾਸ ਸਰਮਾਂ (ਜ) | 07 |
| 4. | ਸ੍ਰੀ ਬਿੰਨੀ ਟਾਂਕ (ਅ.ਜਾਤੀ) | 26 |

4. ਇਹ ਪਦ ਉਨਤੀਆਂ ਹੇਠ ਦਰਸਾਈਆਂ ਸ਼ਰਤਾ ਤੇ ਅਧਾਰਿਤ ਹੋਵੇਗੀ:-

(ੳ) ਇਹ ਕਰਮਚਾਰੀ ਪੰਜਾਬ ਸਿਵਲ ਸਰਵਿਸਜ ਕਾਮਨ ਕੰਡੀਸ਼ਨ ਰੂਲਜ, 1994 ਵਿੱਚ ਦਰਜ ਉਪਬੰਧਾਂ ਅਨੁਸਾਰ (ਇੱਕ ਸਾਲ ਲਈ) ਪਰਖ ਕਾਲ ਸਮੇਂ ਅਧੀਨ ਹੋਵੇਗਾ।

(ਅ) ਭਵਿੱਖ ਵਿੱਚ ਕਿਸੇ ਕੋਰਟ ਕੇਸ ਦੇ ਫੈਸਲੇ ਜਾਂ ਰਿਕਾਰਡ ਦੇ ਅਧਾਰ ਤੇ ਜਾਂ ਕੋਈ ਹੋਰ ਨਵੇਂ ਤੱਥ ਇਸ ਕਰਮਚਾਰੀ/ਪਦ ਉਨਤੀ ਬਾਰੇ ਸਰਕਾਰ ਦੇ ਧਿਆਨ ਵਿੱਚ ਆਉਂਦੇ ਹਨ ਤਾਂ ਉਸ ਦੀ ਪਦ ਉਨਤੀ ਬਾਰੇ ਮੁੜ ਵਿਚਾਰ ਜਾਵੇਗਾ ਅਤੇ ਉਸ ਨੂੰ ਬਿਨ੍ਹਾਂ ਕਿਸੇ ਨੋਟਿਸ ਤੋਂ ਹੇਠਲੀ ਅਸਾਮੀ ਤੇ ਰਿਵਰਟ ਕੀਤਾ ਜਾ ਸਕਦਾ ਹੈ।

(ੲ) ਜੇਕਰ ਸੀਲਡ ਕਵਰ ਵਿੱਚ ਪਏ ਪਦ ਉਨਤੀ ਦੇ ਕੇਸ ਵਿੱਚ ਸਬੰਧਤ ਕਰਮਚਾਰੀ ਦੋਸ਼ ਮੁਕਤ ਹੋ ਜਾਂਦਾ ਹੈ ਅਤੇ ਸਰਕਾਰ ਦੇ ਨਿਯਮਾਂ/ਹਦਾਇਤਾਂ ਅਨੁਸਾਰ ਉਸ ਦੀ ਪਦ ਉਨਤੀ ਕਰਨੀ ਬਣਦੀ ਹੋਵੇ ਤਾਂ ਖਾਲੀ ਅਸਾਮੀ ਦੀ ਅਣਹੋਂਦ ਵਿੱਚ ਸਭ ਤੋਂ ਹੇਠਲੇ ਕਰਮਚਾਰੀ ਨੂੰ ਮੂਲ ਕਾਡਰ ਵਿੱਚ ਰਿਵਰਟ ਕਰ ਕੇ ਯੋਗ ਕਰਮਚਾਰੀ ਨੂੰ ਪਦ ਉਨਤ ਕਰਨ ਸਬੰਧੀ ਸਰਕਾਰ ਦੇ ਹੱਕ ਰਾਖਵੇਂ ਹੋਣਗੇ।

5. ਕਰਮਚਾਰੀਆਂ ਦੀ ਤੈਨਾਤੀ ਦੇ ਹੁਕਮ ਬਾਅਦ ਵਿੱਚ ਜਾਰੀ ਕੀਤੇ ਜਾਣਗੇ।

6. ਇਹ ਹੁਕਮ ਤੁਰੰਤ ਲਾਗੂ ਹੋਣਗੇ।

7. ਇਹ ਹੁਕਮ ਸਮਰੱਥ ਅਥਾਰਟੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤੇ ਜਾਂਦੇ ਹਨ।

ਮਿਤੀ, ਚੰਡੀਗੜ੍ਹ;
17.09.2026

ਭਾਵਨਾ ਗਰਗ, ਆਈ.ਏ.ਐਸ.
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ
ਜੇਲ੍ਹਾਂ ਵਿਭਾਗ।

ਪਿੱਠ ਅੰਕਣ ਨੰ. JAIL01/40/2026-3J I/1504294/2026 (1-3) ਮਿਤੀ, ਚੰਡੀਗੜ੍ਹ; 17.09.2026

ਉਤਾਰਾ ਹੇਠ ਲਿਖਿਆ ਨੂੰ ਸੂਚਨਾ/ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਵਧੀਕ ਡਾਇਰੈਕਟਰ ਜਨਰਲ ਆਫ ਪੁਲਿਸ (ਜੇਲ੍ਹਾਂ), ਪੰਜਾਬ, ਚੰਡੀਗੜ੍ਹ।
2. ਸਬੰਧਤ ਕਰਮਚਾਰੀ ਮਾਰਫਤ ਏ.ਡੀ.ਜੀ.ਜੀ. ਜੇਲ੍ਹਾਂ, ਪੰਜਾਬ, ਚੰਡੀਗੜ੍ਹ।
3. ਸਬੰਧਤ ਕਰਮਚਾਰੀਆਂ ਨੂੰ ਇਸ ਪੱਤਰ ਦੀ ਕਾਪੀ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਹਾਜਰੀ ਰਿਪੋਰਟ ਦੀ ਕਾਪੀ ਸਰਕਾਰ ਨੂੰ ਭੇਜਣੀ ਯਕੀਨੀ ਬਣਾਈ ਜਾਵੇ।

ਮਨਜੀਤ ਸਿੰਘ ਰੰਧਾਵਾ, ਪੀ.ਐਸ.ਐਸ.-1
ਸੁਪਰਡੰਟ